Disability Inclusion
Education for All

# ਤਬਦੀਲੀ ਦੇ ਪੱਧਰ

**ਸੰਚਾਲਕ, SSG ਮੈਂਬਰਾਂ ਨੂੰ ਮੀਟਿੰਗ ਵਿੱਚ ਪ੍ਰੋਫਾਈਲ ਨੂੰ ਪੂਰਾ ਕਰਨ ਲਈ ਇਕੱਠੇ ਕੰਮ ਕਰਨ ਵਿੱਚ ਸਹਾਇਤਾ ਕਰੇਗਾ, ਜਿਸ ਵਿੱਚ ਵਿਦਿਆਰਥੀ ਦੀ ਭਾਗੀਦਾਰੀ ਅਤੇ ਸਿੱਖਣ ਨੂੰ ਸਮਰੱਥ ਬਣਾਉਣ ਲਈ ਲੋੜੀਂਦੀਆਂ ਤਬਦੀਲੀਆਂ ਦੇ ਪੱਧਰ 'ਤੇ ਸਹਿਮਤੀ ਸ਼ਾਮਲ ਹੈ।**

| ਤਬਦੀਲੀ ਦੇ ਪੱਧਰ ਦਾ ਵੇਰਵਾ | ਇਸ ਦਾ ਕੀ ਮਤਲਬ ਹੈ? |
| --- | --- |
| ਵਿਦਿਆਰਥੀ ਉਸੀ ਉਮਰ ਦੇ ਹੋਰ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੇ ਜਾਂਦੇ ਸਿੱਖਿਆ ਪ੍ਰੋਗਰਾਮ ਤੱਕ ਪਹੁੰਚ ਪ੍ਰਾਪਤ ਕਰਦੇ ਹਨ, ਜੋ ਸਮੁੱਚੇ ਸਕੂਲ ਪੱਧਰ 'ਤੇ **ਉਪਲਬਧ ਸਹਾਇਤਾ ਦੇ ਮੌਜੂਦਾ ਮਾਹੌਲ ਵਿੱਚ** ਦਿੱਤਾ ਜਾਂਦਾ ਹੈ। | ਇਸਦਾ ਮਤਲਬ ਹੈ ਕਿ ਕਿਸੇ ਵੀ **ਤਬਦੀਲੀ ਦੀ ਲੋੜ ਨਹੀਂ ਹੈ**। |
| **ਵੱਖ-ਵੱਖ ਢੰਗ ਦੀ ਸਿੱਖਿਆ** ਉਹ ਤਬਦੀਲੀਆਂ ਹਨ ਜੋ ਪੂਰੀ ਕਲਾਸ ਲਈ ਕੀਤੀਆਂ ਜਾਂਦੀਆਂ ਹਨ, ਤਾਂ ਜੋ ਵਿਦਿਆਰਥੀ ਦੇ ਵੱਡੇ ਸਮੂਹ ਦੇ ਬਾਕੀ ਦੇ ਸਾਥੀ ਵਿਦਿਆਰਥੀਆਂ ਵਾਂਗ ਹੀ ਸਿੱਖ ਸਕਣ। | ਇਸਦਾ ਮਤਲਬ ਹੈ ਕਿ ਤਬਦੀਲੀਆਂ **ਆਮ ਕਲਾਸ ਵਿੱਚ ਪੜ੍ਹਾਈ ਰਾਹੀਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।** |
| **ਪੂਰਕ ਤਬਦੀਲੀਆਂ** ਹਫ਼ਤੇ ਦੇ ਕੰਮਕਾਜੀ ਦਿਨਾਂ ਦੌਰਾਨ ਕੁੱਝ ਗਤੀਵਿਧੀਆਂ ਵਿੱਚ ਖ਼ਾਸ ਸਮੇਂ 'ਤੇ ਕੀਤੀਆਂ ਜਾਂਦੀਆਂ ਹਨ। ਸਕੂਲ ਵਿਦਿਆਰਥੀ ਲਈ ਕੁੱਝ ਵਿਅਕਤੀਗਤ ਤਰੀਕੇ ਅਪਣਾਉਂਦਾ ਹੈ। | ਇਸਦਾ ਮਤਲਬ ਹੈ ਕਿ ਤਬਦੀਲੀਆਂ **ਕੁੱਝ ਸਮੇਂ ਹੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।** |
| **ਮਹੱਤਵਪੂਰਨ ਤਬਦੀਲੀਆਂ** ਉਹ ਹਨ ਜੋ ਆਮ ਸਿੱਖਿਆ ਪ੍ਰੋਗਰਾਮ ਵਿੱਚ ਜ਼ਿਆਦਾਤਰ ਦਿਨਾਂ ਵਿੱਚ ਜ਼ਿਆਦਾਤਰ ਸਮੇਂ 'ਤੇ ਵਿਦਿਆਰਥੀ ਲਈ ਕੀਤੀਆਂ ਜਾਂਦੀਆਂ ਹਨ। | ਇਸਦਾ ਮਤਲਬ ਹੈ ਕਿ ਤਬਦੀਲੀਆਂ **ਜ਼ਿਆਦਾਤਰ ਸਮੇਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।** |
| **ਵਿਆਪਕ ਤਬਦੀਲੀਆਂ** ਹਮੇਸ਼ਾ ਵਿਦਿਆਰਥੀ ਲਈ ਖ਼ਾਸ ਤੌਰ 'ਤੇ ਅਤੇ ਟੀਚਾਗਤ ਤੌਰ 'ਤੇ ਬਣਾਈਆਂ ਜਾਂਦੀਆਂ ਹਨ ਅਤੇ/ਜਾਂ ਉਹ ਉੱਚ ਪੱਧਰ ਦੀ ਸਹਾਇਤਾ ਹੁੰਦੀ ਹੈ। | ਇਸਦਾ ਮਤਲਬ ਹੈ ਕਿ ਤਬਦੀਲੀਆਂ **ਹਮੇਸ਼ਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।** |



VICTORIA State Government | Department of Education